بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 17.09.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਖ਼ਲੀਫ਼ਾ ਰਾਸ਼ਿਦ ਫ਼ਾਰੂਕ ਹਜ਼ਰਤ ਉਮਰ ਬਿਨ ਖ਼ਤਾਬ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਜ਼ਿਕਰ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 17 ਸਤੰਬਰ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ

أَشۡهَدُ أَنۡ لَا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ بالله من الشيطٰن الرجيم۔

بِسۡمِ اللّٰہِ الرَّحۡمٰنِ الرَّحِیۡمِ ۔ اَلۡحَمۡدُ لِلّٰہِ رَبِّ الۡعٰلَمِیۡنَ ۔ الرَّحۡمٰنِ الرَّحِیۡمِ ۔ مٰلِکِ یَوۡمِ الدِّیۡنِ ۔ اِیَّاکَ نَعۡبُدُ وَ اِیَّاکَ نَسۡتَعِیۡنُ ۔ اِہۡدِنَا الصِّرَاطَ الۡمُسۡتَقِیۡمَ ۔ صِرَاطَ الَّذِیۡنَ اَنۡعَمۡتَ عَلَیۡہِمۡ ۬ۙ غَیۡرِ الۡمَغۡضُوۡبِ عَلَیۡہِمۡ وَ لَا الضَّآلِّیۡنَ ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਦੇ ਖ਼ਿਲਾਫ਼ਤ ਕਾਲ ਵਿੱਚ ਹੋਣ ਵਾਲੀਆਂ ਘਟਨਾਵਾਂ ਦੀ ਚਰਚਾ ਚੱਲ ਰਹੀ ਸੀ, ਜਿਸ ਵਿੱਚ ਅੱਜ ਯਮੂਕ ਦੀ ਜੰਗ ਬਾਰੇ ਕੁਝ ਵਰਨਣ ਕਰਾਂਗਾ । ਯਮੂਕ ਦੀ ਜੰਗ 15 ਹਿਜਰੀ ਜਾਂ ਕਈਆਂ ਅਨੁਸਾਰ ਦਮਿਸ਼ਕ ਦੀ ਜਿੱਤ ਤੋਂ ਪਹਿਲਾਂ 13 ਹਿਜਰੀ ਵਿੱਚ ਲੜੀ ਗਈ ਸੀ । ਇਸ ਰਿਵਾਇਤ ਅਨੁਸਾਰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਸਭ ਤੋਂ ਪਹਿਲਾਂ ਯਰਮੂਕ ਦੀ ਜੰਗ ਦੀ ਜਿੱਤ ਦੀ ਖ਼ਬਰ ਮਿਲੀ ਸੀ, ਇਸ ਸਮੇਂ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਦੇਹਾਂਤ ਨੂੰ ਵੀਹ ਦਿਨ ਲੰਘੇ ਸਨ, ਜੱਦਕਿ ਕਈਆਂ ਅਨੁਸਾਰ ਸਭ ਤੋਂ ਪਹਿਲਾਂ ਦਮਿਸ਼ਕ ਦੀ ਜਿੱਤ ਦੀ ਖ਼ੁਸ਼ਖ਼ਬਰੀ ਮਿਲੀ ਸੀ ਅਤੇ ਗਵਾਹੀਆਂ ਤੋਂ ਇਹੋ ਗੱਲ ਬਹੁਤੀ ਠੀਕ ਲਗੱਦੀ ਹੈ । ਰੂਮੀ, ਦਮਿਸ਼ ਤੇ ਹਮਸ ਤੋਂ ਹਾਰ ਖਾਕੇ ਤਟੀਏ ਸ਼ਹਿਰ ਅੰਤਾਕੀਆਂ ਪਹੁੰਚੇ ਜਿੱਥੇ ਹਰਕਲ ਨੇ ਆਪਣੇ ਹੁਸ਼ਿਆਰ ਤੇ ਸਨਮਾਨ ਯੋਗ ਦਰਬਾਰੀਆਂ ਤੋਂ ਸਲਾਹ ਮੰਗੀ ਕਿ ਅਰਬ ਜੋ ਜੰਗੀ ਸਾਧਨਾ ਤੇ ਬੱਲ ਵਿੱਚ ਤੁਹਾਡੇ ਨਾਲੋਂ ਘੱਟ ਹਨ, ਤੁਹਾਡੇ'ਤੇ ਵਿਜੇਈ ਕਿਵੇਂ ਹੋ ਰਹੇ ਹਨ । ਸਾਰਿਆਂ ਸਲਾਹਕਾਰਾਂ ਨੇ ਸ਼ਰਮਿੰਦਿਆਂ ਹੁੰਦਿਆਂ ਹੋਇਆਂ ਸਿਰ ਨਿਵਾਂ ਲਿਆ, ਪਰ ਹਾਂ ਇਕ ਬੁੱਢੇ ਤਜਰਬੇਕਾਰ ਨੇ ਕਿਹਾ ਕਿ ਅਰਬ ਆਚਰਣ ਵਿੱਚ ਸਾਡੇ ਨਾਲੋਂ ਚੰਗੇ ਹਨ । ਉਹ ਰਾਤ ਨੂੰ ਇਬਾਦਤ ਕਰਦੇ ਹਨ ਅਤੇ ਦਿਨ ਨੂੰ ਰੋਜ਼ਾ ਰਖੱਦੇ ਹਨ, ਕਿਸੇ'ਤੇ ਜ਼ੁਲਮ ਨਹੀਂ ਕਰਦੇ । ਆਪੋ ਵਿੱਚ ਇਕ ਦੂਜੇ ਨਾਲ ਬਰਾਬਰੀ ਨਾਲ ਮਿਲਦੇ ਹਨ ਅਤੇ ਸਾਡਾ ਇਹ ਹਾਲ ਹੈ ਕਿ ਸ਼ਰਾਬ ਪੀਂਦੇ ਹਾਂ ਬਦਕਾਰੀਆਂ ਕਰਦੇ ਹਾਂ ਪ੍ਰਣ ਦੀ ਪਾਬੰਦੀ ਨਹੀਂ ਕਰਦੇ ਅਤੇ ਦੂਜਿਆਂ'ਤੇ ਜ਼ੁਲਮ ਕਰਦੇ ਹਾਂ ਅਤੇ ਇਸ ਦਾ ਇਹ ਪ੍ਰਭਾਵ ਹੈ ਕਿ ਉਹਨਾ ਦੇ ਕੰਮਾਂ ਵਿੱਚ ਤਾਂ ਜੋਸ਼ ਹੈ ਅਤੇ ਦ੍ਰਿੜ੍ਹਤਾ ਪਾਈ ਜਾਂਦੀ ਹੈ ਅਤੇ ਸਾਡਾ ਜੋ ਕੰਮ ਹੁੰਦਾ ਹੈ ਹੌਂਸਲੇ ਤੇ ਦ੍ਰਿੜ੍ਹਤਾ ਤੋਂ ਸਖੱਣਾ ਹੁੰਦਾ ਹੈ । ਕੈਸਰ ਸ਼ਾਮ ਵਿੱਚੋਂ ਨਿਕਲ ਜਾਣ ਦਾ ਨਿਸ਼ਚਾ ਕਰ ਚੁੱਕਿਆ ਸੀ ਪਰ ਇਸਾਈ ਫ਼ਰਿਯਾਦੀਆਂ ਨੇ ਜੋਕ ਦਰ ਜੋਕ ਆਣਕੇ ਇਸ ਤੋਂ ਫ਼ਰਿਯਾਦ ਕੀਤੀ, ਜਿਸ ਕਰਕੇ ਕੈਸਰ ਨੂੰ ਵੀ ਗ਼ੈਰਤ ਆਈ ਅਤੇ ਉਸ ਨੇ ਆਪਣੀ ਸ਼ਹਿਨਸ਼ਾਹੀ ਦਾ ਪੂਰਾ ਜ਼ੋਰ ਅਰਬਾਂ ਦੇ ਮੁਕਾਬਲੇ ਵਿੱਚ ਲਾ ਦਿਤੱਾ । ਕੁਸਤੁਨਤੁਨੀਆ, ਟਾਪੂ ਆਰਮੀਨੀਆ ਹਰ ਥਾਂ ਤੋਂ ਫ਼ੌਜਾਂ ਅੰਤਾਕੀਆਂ ਪਹੁੰਚਾਈਆਂ ।

ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹੁ ਅਨਹੁ ਨੂੰ ਇਸ ਤਿਆਰੀ ਦੀ ਖ਼ਬਰ ਹੋਈ ਤਾਂ ਆਪ ਰਜ਼ੀ ਅਲੱਾਹੁ ਅਨਹੁ ਨੇ ਬਹੁਤ ਪ੍ਰਭਾਵਪੂਰਨ ਭਾਸ਼ਣ ਦਿਤੱਾ ਅਤੇ ਸਲਾਹ ਮੰਗੀ । ਯਜ਼ੀਦ ਬਿਨ ਸੁਫ਼ਯਾਨ ਨੇ ਮਸ਼ਵਰਾ ਦਿਤੱਾ ਕਿ ਇਸਤਰੀਆਂ ਤੇ

ਬੱਚਿਆਂ ਨੂੰ ਸ਼ਹਿਰ ਵਿੱਚ ਛਡੱਕੇ ਆਪ ਸ਼ਹਿਰ ਦੇ ਬਾਹਰ ਲਸ਼ਕਰ ਬਣਕੇ ਖੜੇ ਹੋ ਜਾਈਏ । ਇਸ'ਤੇ ਸ਼ਰਜੀਲ ਬਿਨ ਹਸਨਾ ਨੇ ਕਿਹਾ ਕਿ ਸ਼ਹਿਰ ਵਾਲੇ ਇਸਾਈ ਹਨ, ਇਉਂ ਕਿਤੇ ਉਹ ਅੰਦਰੋਂ ਹੀ ਬਗਾਵਤ ਨ ਕਰ ਦੇਣ । ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹੁ ਅਨਹੁ ਨੇ ਕਿਹਾ ਕਿ ਇਸਾਈਆਂ ਨੂੰ ਸ਼ਹਿਰੋਂ ਤੜੀਪਾਰ ਕਰ ਦਿੰਦੇ ਹਾਂ ਜਿਸ'ਤੇ ਸ਼ਰਜੀਲ ਨੇ ਕਿਹਾ ਕਿ ਇਉਂ ਕੀਤਾ ਪ੍ਰਣ ਟੁੱਟ ਜਾਵੇਗਾ ਤਾਂ ਅਬੂ ਉਬੈਦਹ ਰਜ਼ੀ ਅਲੱਾਹੁ ਅਨਹੁ ਨੂੰ ਝੱਟ ਆਪਣੀ ਗ਼ਲਤੀ ਦਾ ਅਹਿਸਾਸ ਹੋ ਗਿਆ । ਅਖ਼ੀਰ ਇਹ ਸਲਾਹ ਮੁੱਕੀ ਕਿ ਦਮਿਸ਼ਕ ਪਹੁੰਚਿਆ ਜਾਏ ਜਿੱਥੇ ਖ਼ਾਲਿਦ ਰਜ਼ੀ ਅਲੱਾਹੁ ਅਨਹੁ ਵੀ ਮੌਜੂਦ ਹਨ ਅਤੇ ਅਰਬ ਦੀ ਸੀਮਾ ਵੀ ਨੇੜੇ ਹੈ । ਇਸ ਦੇ ਬਾਦ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹੁ ਅਨਹੁ ਦੇ ਆਦੇਸ਼ਾਂ ਨਾਲ ਸ਼ਹਿਰ ਦੀ ਸੁਰੱਖਿਆ ਲਈ ਵੁਸੂਲ ਕੀਤਾ ਗਿਆ ਜਜ਼ੀਆ ਜਾਂ ਖਰਚਾ ਲਖੱਾਂ ਦੀ ਰਕਮ ਉਹਨਾ ਨੂੰ ਵਾਪਸ ਕਰ ਦਿੱਤੀ ਗਈ, ਜਿਸ ਦਾ ਇਸਾਈਆਂ ਤੇ ਯਹੂਦੀਆਂ'ਤੇ ਬਹੁਤ ਪ੍ਰਭਾਵ ਪਿਆ । ਅਬੂ ਉਬੈਦਹ ਰਜ਼ੀ ਅਲੱਾਹੁ ਅਨਹੁ ਨੇ ਕੇਵਲ ਹਮਸ ਵਾਲਿਆਂ ਨਾਲ ਇਹ ਸੁਲੂਕ ਨਹੀਂ ਕੀਤਾ ਸਗੋਂ ਜਿੰਨ੍ਹੇ ਵੀ ਜ਼ਿਲੇ ਜਿੱਤੇ ਜਾ ਚੁਕੇ ਸਨ ਹਰ ਥਾਂ ਲਿੱਖ ਭੇਜਿਆ ਕਿ ਜਿੰਨ੍ਹੀ ਰਕਮ ਵੁਸੂਲ ਹੋਈ ਹੈ ਵਾਪਸ ਕਰ ਦਿੱਤੀ ਜਾਏ । ਇਹ ਵੀ ਹਵਾਲੇ ਮਿਲਦੇ ਹਨ ਕਿ ਪਹਿਲਾਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਪੁੱਛਿਆ ਗਿਆ ਸੀ ਅਤਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਹੀ ਫ਼ਰਮਾਇਆ ਸੀ ਕਿ ਸਭ ਕੁਝ, ਜੇਕਰ ਤੁਸੀਂ ਸੁਰੱਖਆ ਨਹੀ ਖਰ ਸਕਦੇ ਤਾਂ ਉਹਨਾ ਦਾ ਜੋ ਕੁ ਝਵੀ ਹਾਸਲ ਕੀਤਾ ਹੈ ਜਜ਼ੀਆ ਆਦਿ ਵਾਪਸ ਕਰੋ ।

ਜੱਦ ਹਜ਼ਰਤ ਅਬੂ ਉਬਦਹ ਰਜ਼ੀ ਅਲੱਾਹੁ ਅਨਹੁ ਨੇ ਸਾਰੇ ਹਾਲਾਤ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂ ਲਿੱਖੇ ਤਾਂ ਆਪ ਰਜ਼ੀ ਅਲੱਾਹੁ ਅਨਹੁ ਇਹ ਸੁਣਕੇ ਕਿ ਮੁਸਲਮਾਨ ਰੋਮੀਆਂ ਤੋਂ ਡਰਕੇ ਹਮਸ ਚਲੇ ਆਏ ਹਨ ਅਤਿਅੰਤ ਦੁਖੀ ਹੋਏ । ਆਪ ਰਜ਼ੀ ਅਲੱਾਹੁ ਅਨਹੁ ਨੇ ਲਿੱਖਿਆ ਕਿ ਮੈਂ ਸਈਦ ਿਬਿਨ ਆਮਰ ਨੂੰ ਮਦਦ ਲਈ ਭੇਜਦਾ ਹਾਂ । ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹੁ ਅਨਹੁ ਹੁਣੇ ਦਮਿਸ਼ਕ ਪਹੁੰਚੇ ਹੀ ਸਨ ਕਿ ਉਮਰੋ ਬਿਨ ਆਸ ਵੱਲੋਂ ਉਰਦਨ ਦੇ ਜ਼ਿਲਿਆਂ ਵਿੱਚ ਬਗ਼ਾਵਤ ਦੀ ਖ਼ਬਰ ਮਿਲੀ । ਸੋ, ਦੂਜੇ ਹੀ ਦਿਨ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹੁ ਅਨਹੁ ਉਰਦਨ ਦੀਆਂ ਸੀਮਾਵਾਂ ਅੰਦਰ ਮੌਕ ਪਹੁੰਚ ਗਏ । ਇੱਥੇ ਪਿਛਲੇ ਪਾਸਿਓਂ ਅਰਬ ਦੀਆਂ ਸੀਮਾਵਾਂ ਤੋਂ ਨੇੜੇ ਸੀ ਅਤੇ ਖੁਲੱਾ ਮੈਦਾਨ ਹੋਣ ਕਰਕੇ ਜੰਗੀ ਲੋੜਾਂ ਅਨੁਸਾਰ ਪਿੱਛੇ ਹਟੱਣਾ ਸੌਖਾ ਸੀ । ਜੱਦ ਮੁਸਲਮਾਨਾਂ ਨੇ ਰੋਮੀਆਂ ਦੀਆਂ ਜੰਗੀ ਤਿਆਰੀਆਂ ਦੀਆਂ ਖ਼ਬਰਾਂ ਸੁਣੀਆਂ ਤਾਂ ਘਬਰਾ ਗਏ । ਅਜਿਹੇ ਸਮੇਂ ਅਬੂ ਉਬੈਦਹ ਰਜ਼ੀ ਅਲੱਾਹੁ ਅਨਹੁ ਨੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਫ਼ਿਰ ਪਤੱਰ ਲਿੱਖਿਆ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਸਾਰਿਆਂ ਅਨਸਾਰ ਤੇ ਮੁਹਾਜਰਾਂ ਨੂੰ ਇਕ ਥਾਂ ਇਕੱਠਿਆਂ ਕਰਕੇ ਪਤੱਰ ਸੁਣਾਇਆ ਤਾਂ ਸਾਰੇ ਸਹਬਾ ਰੋ ਪਏ ਅਤੇ ਕਿਹਾ ਹੇ ਅਮੀਰੁਲ ਮੋਮਿਨੀਨ ! ਸਾਨੂੰ ਆਗਿਆ ਦਿਓ ਕਿ ਅਸੀਂ ਆਪਣੇ ਭਰਾਵਾਂ ਲਈ ਜਾਕੇ ਕੁਰਬਾਨ ਹੋ ਜਾਈਏ । ਅਬਦੁਰ ਰਹਮਾਨ ਬਿਨ ਔਫ਼ ਰਜ਼ੀ ਅਲੱਾਹੁ ਅਨਹੁ ਨੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਸਿਪਾਸਾਲਾਰ ਬਣਨ ਤੇ ਸਹਾਬਾ ਨਾਲ ਨਿਕਲਣ ਦੀ ਸਲਾਹ ਦਿੱਤੀ, ਪਰ ਹੋਰਨਾ ਸਹਾਬਾ ਨੇ ਇਸ ਦਾ ਖੰਡਨ ਕੀਤਾ ਅਤੇ ਇਹ ਸਲਾਹ ਬਣੀ ਕਿ ਹੋਰ ਸਹਾਇਕ ਫ਼ੌਜਾ ਭੇਜੀਆਂ ਜਾਣ । ਇਸ ਸਮੇਂ ਤੱਕ ਦੁਸ਼ਮਣ ਯਰਮੂਕ ਤੋਂ ਤਿੰਨ ਚਾਰ ਕੋਹ ਦੇ ਫ਼ਾਸਲੇ'ਤੇ ਰਹਿ ਗਿਆ ਸੀ ਅਤੇ ਮਦਦ ਦਾ ਪਹੁੰਚਣਾ ਸੰਭਵ ਨਹੀਂ ਸੀ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਇਕ ਅਤਿਅੰਤ ਪ੍ਰਭਾਵਪੂਰਨ ਪਤੱਰ ਲਿੱਖਿਆ ਅਤੇ ਸੰਦੇਸ਼ਵਾਹਕ ਨੂੰ ਕਿਹਾ ਕਿ ਆਪ ਇਕ ਪੰਕਤੀ ਵਿੱਚ ਜਾਕੇ ਇਹ ਪਤੱਰ ਸੁਣਾਉਂਣਾ ਅਤੇ ਜ਼ੁਬਾਨੀ ਆਖਣਾ ਕਿ ਉਮਰ ਤੁਹਾਨੂੰ ਲੋਕਾਂ ਨੂੰ ਸਲਾਮ ਕਹਿੰਦਾ ਹੈ ਅਤੇ ਕਹਿੰਦੇ ਹਨ ਕਿ ਹੇ ਇਸਲਾਮ ਵਾਲਿਓ ਬੇਜਿਗਰੀ ਤੇ ਹੌਂਸਲੇ ਨਾਲ ਲੜੋ ਆਪਣੇ ਦੁਸ਼ਮਣਾ'ਤੇ ਸ਼ੇਰਾਂ ਵਾਂਗ ਝਪਟੋ ਅਤੇ ਤਲਵਾਰਾਂ ਨਾਲ ਉਹਨਾਂ ਦੀਆਂ ਖੋਪੜੀਆਂ ਕੱਟ ਦਿਓ ਅਤੇ ਚਾਹੀਦਾ ਹੈ ਕਿ ਤੁਹਾਡੇ ਨੇੜੇ ਉਹ ਕੀੜੀਆਂ ਤੋਂ ਵੀ ਵੱਧ ਹੀਨ ਹੋਣ । ਉਹਨਾਂ ਦੀ ਬਹੁਗਿਣਤੀ ਤੁਹਾਨੂੰ ਡਰਾਵੇ ਨਹੀਂ ਅਤੇ ਤੁਹਾਡੇ ਵਿੱਚੋਂ ਜੋ ਹੁਣੇ ਤੁਹਾਨੂੰ ਨਹੀਂ ਮਿਲੇ ਉਹਨਾ ਦੇ ਸਬਬ ਚਿੰਤਤ ਨਹੀਂ ਹੋਣਾ । ਜਿਸ ਦਿਨ ਸੰਦੇਸ਼ਵਾਹਕ ਪਤੱਰ ਲੈਕੇ ਪਹੁੰਚਿਆ ਇਤਫ਼ਕ ਨਾਲ ਉਸੇ ਦਿਨ ਸਈਦ ਬਿਨ ਆਮਰ ਵੀ ਇਕ ਹਜ਼ਾਰ ਦੇ ਲਸ਼ਕਰ ਨਾਲ ਪਹੁੰਚ ਗਏ ਜਿਸ ਨਾਲ ਮੁਸਲਮਾਨਾ ਨੂੰ ਅਤਿ ਦਾ ਹੌਂਸਲਾ ਮਿਲਿਆ ।

ਦੋਵੇਂ ਫ਼ੌਜਾਂ ਆਹਮਣੇ ਸਾਹਮਣੇ ਪੰਕਤੀਬੱਧ ਹੋਈਆਂ । ਰੋਮੀਆਂ ਕੋਲ ਦੋ ਲੱਖ ਤੋਂ ਵੱਧ ਇਕੱਠਤੇ ਚੌਵੀ ਪੰਕਤੀਆਂ ਸਨ । ਜਿੰਨ੍ਹਾ ਦੇ ਅੱਗੇ ਧਾਰਮਕ ਆਗੂ ਸਲੀਬਾਂ ਲਈ ਜੋਸ਼ ਦੁਆ ਰਹੇ ਸਨ । ਅਰੰਭਕ ਮੁਠਭੇੜ ਦੇ ਬਾਦ ਪਹਿਲੇ ਦਿਨ ਰੋਮੀਆਂ ਨੇ

ਹਾਰ ਖਾਧੀ । ਅਗਲੇ ਦਿਨ ਰੋਮੀਆਂ ਨੇ ਮੁਸਲਮਾਨਾ ਨੂੰ ਧੰਨ ਮਾਲ ਦਾ ਲੋਭ ਦੁਆਉਣ ਲਈ ਆਪਣਾ ਦੂਤ ਭੇਜਕੇ ਸੁਲਾਹ ਦੀ ਗੱਲ ਕਰਨੀ ਚਾਹੀ । ਜਿਸ ਸਮੇਂ ਦੂਤ ਪਹੁੰਚਿਆ ਮੁਸਲਮਾਨ ਮਗ਼ਰਿਬ ਦੀ ਨਮਾਜ਼ ਪੜ੍ਹ ਰਹੇ ਸਨ । ਦੂਤ ਮੁਸਲਮਾਨਾਂ ਦੀ ਮਗਨਤਾ, ਸਤਿਕਾਰ, ਵਕਾਰ, ਸਨਮਾਨਤਾ ਤੇ ਦੁਆ ਦੀ ਲੀਨਤਾ ਨੂੰ ਦੇਖਕੇ ਹੈਰਾਨੀ ਤੇ ਅਚੰਭੇ ਨਾਲ ਦੇਖਦਾ ਰਿਹਾ । ਨਮਾਜ਼ ਦੇ ਬਾਦ ਉਸ ਨੇ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹੁ ਅਨਹੁ ਨਾਲ ਕੁਝ ਪ੍ਰਸ਼ਨ ਕੀਤੇ ਉਧਾਰਣ ਲਈ ਤੁਸੀਂ ਈਸਾ ਅਲੈਹਿ ਸਲਾਮ ਬਾਰੇ ਕੀ ਆਸਥਾ ਰਖੱਦੇ ਹੋ ? ਆਪ ਰਜ਼ੀ ਅਲੱਾਹੁ ਅਨਹੁ ਨੇ ਸੂਰਤ ਆਲਿ ਇਮਰਾਨ ਦੀ ਆਇਤ 60 ਅਤੇ ਸੂਰਤ ਨਿਸਾ ਦੀ ਆਇਤ 172 ਤੇ 173 ਪੜ੍ਹਕੇ ਸੁਣਾਈ । ਇਹਨਾ ਆਇਤਾਂ ਵਿੱਚ ਰੱਬ ਨੇ ਹਜ਼ਰਤ ਈਸਾ ਅਲੈਹਿ ਸਲਾਮ ਦੀ ਪੈਦਾਇਸ਼ ਨੂੰ ਹਜ਼ਰਤ ਆਦਮ ਦੀ ਪੈਦਾਇਸ਼ ਨਾਲ ਤੁਲਨਾ ਦਿੱਤੀ ਹੈ । ਅਤੇ ਕਿਤਾਬ ਵਾਲਿਆਂ (ਅਰਥਾਤ ਇਸਾਈਆਂ) ਨੂੰ ਨਸੀਹਤ ਕੀਤੀ ਹੈ ਕਿ ਧਰਮ ਦੇ ਮਾਮਲੇ ਵਿੱਚ ਸੀਮਾਵਾਂ ਤੋਂ ਪਾਰ ਦੀਆਂ ਗਲੱਾਂ ਤੋਂ ਕੰਮ ਨ ਲਓ । ਮਸੀਹ ਉਕੱਾ ਹੀ ਇਸ ਗੱਲ ਨੂੰ ਬੁਰਾ ਨਹੀਂ ਮਨਾਏਗਾ ਕਿ ਉਹ ਰੱਬ ਦਾ ਬੰਦਾ ਜਾਣਿਆ ਜਾਵੇ । ਇਹ ਆਇਤ ਸੁਣ ਕੇ ਉਹ ਦੂਤ ਇਹ ਕਹਿੰਦਾ ਹੋਇਆ ਕਿ ਈਸਾ ਅਲੈਹਿ ਸਲਾਮ ਦੇ ਇਹੋ ਸਦਗੁਣ ਹਨ ਅਤੇ ਨਿਸ਼ਚੇ ਹੀ ਤੁਹਾਡਾ ਰਸੂਲ ਸਚੱਾ ਹੈ, ਮੁਸਲਮਾਨ ਹੋ ਗਿਆ । ਅਗਲੇ ਦਿਨ ਮੁਸਲਮਾਨਾਂ ਵੱਲੋਂ ਹਜ਼ਰਤ ਖ਼ਾਲਿਦ ਰਜ਼ੀ ਅਲੱਾਹੁ ਅਨਹੁ ਸਫ਼ਾਰਤ ਲਈ ਗਏ । ਰੋਮੀਆਂ ਨੇ ਆਪਣੇ ਜਾਹੋ ਜਲਾਲ ਨਾਲ ਨਾਲ ਉਹਨਾ ਨੂੰ ਆਕ੍ਰਤ ਕਰਨਾ ਚਾਹਿਆ ਪਰ ਹਜ਼ਰਤ ਖ਼ਾਲਿਦ ਰਜ਼ੀ ਅਲੱਾਹੁ ਅਨਹੁ ਨੇ ਅਤਿ ਘ੍ਰਿਣਾ ਨਾਲ ਇਹਨਾ ਸਾਰਿਆਂ ਤੋਂ ਬਚਾਓ ਵਰਤਿਆ । ਰੋਮੀਆਂ ਦੇ ਕਮਾਂਡਰ ਬਾਹਾਨ ਨੇ ਧੰਨ ਮਾਲ ਦਾ ਲਾਲਚ ਦਿਤੱਾ ਜਿਸ ਨੂੰ ਹਜ਼ਰਤ ਖ਼ਾਲਿਦ ਰਜ਼ੀ ਅਲੱਾਹੁ ਅਨਹੁ ਅਤਿ ਹਕਾਰਤ ਨਾਲ ਰੱਦ ਕਰ ਦਿਤੱਾ ।

ਸਫ਼ਾਰਤ (ਵਾਰਤਾ) ਦੇ ਬਾਦ ਇਸ ਅੰਤਮ ਜੁੱਧ ਦੀ ਤਿਆਰੀ ਅਰੰਭ ਹੋਈ ਜਿਸ ਦੇ ਬਾਦ ਰੋਮੀ ਫਿਰ ਕਦੇ ਵੀ ਸੰਭਲ ਨ ਸਕੇ । ਅਗਲੇ ਦਿਨ ਰੋਮੀ ਬਹੁਤ ਜੋਸ਼ ਨੇ ਸਾਰਿਆਂ ਸਾਧਨਾ ਨਾਲ ਮੁਕਾਬਲੇ ਲਈ ਨਿਕਲੇ । ਹਜ਼ਰਤ ਖ਼ਾਲਿਦ ਰਜ਼ੀ ਅਲੱਾਹੁ ਅਨਹੁ ਨੇ ਵੀ ਅਰਬ ਦੇ ਸਾਧਾਰਣ ਨਿਯਮਾ ਤੋਂ ਹਟੱਕੇ ਨਵੇਂ ਤਰੀਕੇ ਨਾਲ ਫ਼ੌਜ ਦੀ ਅਗਵਾਈ ਕੀਤੀ । ਇਸ ਪ੍ਰਕਾਰ ਤੀਹ ਪੈਂਤੀ ਹਜ਼ਾਰ ਫ਼ੌਜ ਦੇ ਛੱਤੀ ਭਾਗ ਕਰਕੇ ਉਸਨੂੰ ਅਤਿਅੱਤ ਮਹਾਰਤ ਤੇ ਖ਼ੂਬੀ ਨਾਲ ਪੰਕਤੀ ਦਰ ਪੰਕਤੀ ਖੜਾ ਕੀਤਾ । ਸੰਬੋਧਕ ਫ਼ੌਜ ਨੂੰ ਜੋਸ਼ ਤੇ ਹੌਂਸਲਾ ਦੁਆਕੇ ਇਕ ਨਵਾਂ ਵਲਵਲਾ ਤੇ ਜੋਸ਼ ਪੈਦ ਕਰ ਰਹੇ ਸਨ । ਮੁਸਲਮਾਨਾ ਦੀ ਫ਼ੌਜ ਵਿੱਚ ਸਾਰੇ ਅਰਬ ਵਿੱਚੋਂ ਚੁਣੇ ਹੋਏ ਲੋਕ ਸ਼ਾਮਲ ਸਨ । ਜਿੰਨ੍ਹਾ ਵਿੱਚ ਇਕ ਸੌ ਬਦਰੀ ਸਹਾਬਾ ਅਤੇ ਇਕ ਹਜ਼ਾਰ ਬੁਜ਼ੁਰਗ ਸਨ ਜਿੰਨ੍ਹਾ ਨੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦਾ ਪਾਕ ਚਿਹਰਾ ਦੇਖਿਆ ਹੋਇਆ ਸੀ । ਇਸ ਮਾਅਰਕੇ ਦੀ ਇਹ ਇਕ ਵਿਸ਼ੇਸ਼ਤਾ ਹੈ ਕਿ ਇਸਤਰੀਆਂ ਵੀ ਇਸ ਵਿੱਚ ਸ਼ਾਮਲ ਸਨ ਅਤੇ ਅਤਿਅੰਤ ਬਹਾਦੁਰੀ ਨਾਲ ਲੜੀਆਂ ।

ਰੋਮੀਆਂ ਦੇ ਜੋਸ਼ ਦਾ ਇਹ ਹਾਲ ਸੀ ਕਿ ਤੀਹ ਹਜ਼ਾਰ ਵਿਅਕਤੀਆਂ ਨੇ ਦ੍ਰਿੜ੍ਹ ਪੈਰ੍ਹੀਂ ਰਹਿਣ ਲਈ ਪੈਰ੍ਹਾਂ ਵਿੱਚ ਬੇੜੀਆਂ ਪਾ ਲਈਆਂ ਸਨ । ਹਜ਼ਾਰਾਂ ਪਾਦਰੀ ਅਤੇ ਬਿਸ਼ਪ ਹਥੱਾਂ ਵਿੱਚ ਸਲੀਬ ਲਈ ਹਜ਼ਰਤ ਈਸਾ ਦੀ ਜੈ ਦੇ ਨਾਰੇ ਲਾ ਰਹੇ ਸਨ । ਦੋ ਲੱਖ ਦਾ ਟਿੱਡੀਦਲ ਲਸ਼ਕਰ ਅੱਗੇ ਵਧਿਆ ਅਤੇ ਅਤਿਅੰਤ ਜ਼ੋਰ ਨਾਲ ਹਮਲਾ ਕੀਤਾ । ਮੁਸਲਮਾਨ ਦੇਰ ਤੱਕ ਟਿਕੇ ਰਹੇ ਪਰ ਫਿਰ ਮੁਸਲਮਾਨਾ ਦਾ ਹੌਂਸਲਾ ਟੁੱਟ ਗਿਆ । ਇਸਤਰੀਆਂ ਨੇ ਮੁਸਲਮਾਨ ਸਿਪਾਹੀਆਂ ਪਿੱਛੇ ਹਟਦਿਆਂ ਦੇਖਿਆ ਤਾਂ ਉਹਨਾਂ ਨੂੰ ਗ਼ੈਰਤ ਦੁਆਈ । ਜੰਗ ਵਿੱਚ ਇਹ ਅਵਸਥਾ ਸੀ ਕਿ ਹਰ ਪਾਸੇ ਬਾਹਾਂ ਕੱਟ ਕਟੱਕੇ ਡਿਗੱਦੀਆਂ ਜਾਂਦੀਆਂ ਸਨ ਪਰ ਸਿਪਾਹੀਆਂ ਦੇ ਪੈਰ੍ਹਾਂ ਦੀ ਦ੍ਰਿੜ੍ਹਤਾ ਵਿੱਚ ਥਿੜਕਤਾ ਨ ਆਈ ਸੀ ।

ਅਚਤਚੇਤ ਹਜ਼ਰਤ ਖ਼ਾਲਿਦ ਰਜ਼ੀ ਅਲੱਾਹੁ ਅਨਹੁ ਫ਼ੌਜ ਦੀਆਂ ਪੰਕਤੀਆਂ ਚਰਦਿਆਂ ਹੋਇਆਂ ਅੱਗੇ ਨਿਕਲੇ ਅਤੇ ਐਨ੍ਹੇ ਜ਼ੋਰ ਨਾਲ ਹਮਲਾ ਕੀਤਾ ਕਿ ਰੋਮੀਆਂ ਦੀਆਂ ਪੰਕਤੀਆਂ ਪਰਤ ਦਿੱਤੀਆਂ ਅਤੇ ਉਹਨਾਂ ਦਬਦਿਆਂ ਹੋਇਆਂ ਸਿਪਾਸਾਲਾਰ ਨਜਾਰ ਤੱਕ ਪਹੁੰਚ ਗਏ । ਅਕਰਮਾ ਬਿਨ ਅਬੀ ਜਿਹਲ ਨੇ ਇਸਾਈਆਂ ਨੂੰ ਲਲਕਾਰਿਆ ਅਤੇ ਚਾਰ ਸੌ ਵਿਅਕਤੀਆਂ ਦੇ ਮਰਨ ਦਾ ਪ੍ਰਣ ਲੈਕੇ ਅੱਗੇ ਵਧੇ ਅਤੇ ਲਗਭਗ ਸਾਰੇ ਹੀ ਉੱਥੇ ਕੱਟ ਗਏ ਪੀਰ ਦੁਸ਼ਮਣਾ ਦੇ ਹਜ਼ਾਰਾਂ ਹੀ ਵਿਅਕਤੀਆਂ ਨੂੰ ਬਰਬਾਦ ਕਰ ਗਏ । ਐਨ ਉਸੇ ਸਮੇਂ ਰੋਮੀ ਪੱਖ ਦੇ ਸਰਦਾਰ ਇਬਨੇ ਕਨਾਤੀਰ ਮੈਸਰਾਹ'ਤੇ ਹਮਲਾਵਰ ਹੋਇਆ । ਮੈਸਰਾਹ ਵਿੱਚ ਬਹੁਤੇ ਸਿਪਾਹੀ ਲਹਮ ਤੇ ਗ਼ਸਾਨ ਕਬੀਲੇ ਦੇ ਸਨ ਜੋ ਚਿਰਾਂ ਤੋਂ ਰੋਮੀਆਂ ਦੇ ਗੁਜ਼ਰ ਬਸਰ'ਤੇ ਚਲੇ ਆ ਰਹੇ ਸਨ ਅਤੇ ਇਉਂ ਸੁਭਾਵਕ

ਤੌਰ'ਤੇ ਰੋਮੀਆਂ ਦੇ ਪ੍ਰਭਾਵ ਹੇਠ ਸਨ । ਉਹ ਇਸ ਹਮਲੇ ਨੂੰ ਝੱਲ ਨ ਸਕੇ ਅਤੇ ਪਿੱਛੇ ਹਟੇ, ਪਿੱਛੇ ਮੌਜੂਦ ਇਸਤਰੀਆਂ ਅੱਗੇ ਵਧੀਆਂ ਅਤੇ ਬਹੁਤ ਜਵਾਂਮਰਦੀ ਨਾਲ ਇਸਾਈਆਂ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ । ਫ਼ੌਜ ਦੀ ਹਾਲਤ ਮਾੜੀ ਹੋ ਰਹੀ ਸੀ ਪਰ ਅਫ਼ਸਰਾਂ ਦੀ ਬੌਧਿਕਤਾ ਤੇ ਸੁਝਬੂਝ ਸੀ । ਲੜਾਈ ਵਿੱਚ ਹੁਣ ਰੋਮੀਆਂ ਦਾ ਪਲੜਾ ਭਾਰੀ ਸੀ ਕਿ ਅਚਾਨਕ ਕੈਸ ਬਿਨ ਹਬੀਰਹ ਜੋ ਮੈਸਰਹ ਦੇ ਪਿੱਛੇ ਨਿਯੁਕਤ ਸਨ, ਪਿੱਛੋਂ ਦੀ ਹਮਲਾਵਰ ਹੋਏ । ਇਹ ਹਮਲਾ ਐਨ੍ਹੇ ਜ਼ੋਰ ਨਾਲ ਸੀ ਕਿ ਰੋਮੀ ਸੰਭਲ ਨ ਸਕੇ, ਉਹਨਾ ਦੀਆਂ ਸਾਰੀਆਂ ਪੰਕਤੀਆਂ ਖਿੰਡ ਗਈਆਂ ਨਾਲ ਹੀ ਸਈਦ ਬਿਨ ਜ਼ੈਦ ਨੇ ਇਕ ਪਾਸਿਓਂ ਨਿਕਲ ਕੇ ਹਮਲਾ ਕੀਤਾ । ਰੋਮੀ ਦੂਰ ਤੱਕ ਪਿੱਛੇ ਹਟੱਦੇ ਚਲੇ ਗਏ ਇੱਥੋਂ ਤੱਕ ਕਿ ਮੈਦਾਨ ਦੇ ਕੰਢੇ'ਤੇ ਜੋ ਨਾਲਾ ਸੀ ਉਸ ਦੇ ਕੰਢੇ ਤੱਕ ਆ ਗਏ । ਥੋੜੀ ਹੀ ਦੇਰ ਵਿੱਚ ਉਹਨਾ ਦੀਆਂ ਲਾਸ਼ਾਂ ਨਾਲ ਉਹ ਨਾਲਾ ਭਰ ਦਿੱਤਾ ਅਤੇ ਮੈਦਾਨ ਖ਼ਾਲੀ ਹੋ ਗਿਆ । ਭਾਵ ਰੱਬ ਨੇ ਇਸ ਮਹਤੱਵਪੂਰਨ ਜੰਗ ਵਿੱਚ ਮੁਸਮਾਨਾ ਨੂੰ ਮਹਾਨ ਜਿੱਤ ਨਾਲ ਨਿਵਾਜਿਆ । ਇਸ ਲੜਈ ਦੀ ਇਹ ਘਟਨਾ ਚੇਤੇ ਰਖੱਣ ਯੋਗ ਹੈ ਕਿ ਜਿਸ ਸਮੇਂ ਘਮਸਾਨ ਦਾ ਜੱਧ ਹੋ ਰਿਹੇ ਸੀ ਇਕ ਮੁਸਲਮਾਨ ਸਿਪਾਹੀ ਹਬਾਸ ਬਿਨ ਕੈਸ ਅਜਿਹੀ ਜਾਂਬਾਜ਼ੀ ਨਾਲ ਲੜੇ ਕਿ ਪੈਰ੍ਹ ਕੱਟ ਗਿਆ ਪਰ ਉਹਨਾਂ ਨੂੰ ਪਤਾ ਹੀ ਨ ਲਗਾਂ ।

ਇਸ ਜੰਗ ਵਿੱਚ ਰੋਮੀਆਂ ਦੇ ਸਤੱਰ ਹਜ਼ਾਰ ਜਾਂ ਇਕ ਲੱਖ ਸਿਪਾਹੀ ਮਾਰੇ ਗਏ । ਮੁਸਲਾਮਾਨਾ ਵੱਲੋਂ ਤਿੰਨ ਹਜ਼ਾਰ ਦੀ ਹਾਣੀ ਹੋਈ । ਕੈਸਰ ਨੂੰ ਅੰਤਾਕੀਆਂ ਵਿੱਚ ਹਾਰ ਦੀ ਖ਼ਬਰ ਮਿਲੀ ਤਾਂ ਉਹ ਉਸੇ ਸਮੇਂ ਕੁਸਤੁਨਤੁਨੀਆ ਰਵਾਨਾ ਹੋ ਗਿਆ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਫ਼ਤਹ ਦੀ ਖ਼ੁਸ਼ਖ਼ਬਰੀ ਪਹੁੰਚੀ ਤਾਂ ਉਸੇ ਸਮੇਂ ਸਜੱਦੇ ਵਿੱਚ ਡਿਗ ਗਏ ਅਤੇ ਰੱਬ ਦਾ ਸ਼ੁਕਰ ਕੀਤਾ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਨੇ ਵੀ ਇਸ ਜੰਗ ਦਾ ਵਿਸਥਾਰ ਵਰਨਣ ਕੀਤਾ ਹੈ । ਆਪ ਰਜ਼ੀ ਅਲੱਾਹੁ ਅਨਹੁ ਨੂੰ ਇਤਿਹਾਸ ਦਾ ਬਹੁਤ ਗਿਆਨ ਸੀ । ਅਤੇ ਆਪ ਰਜ਼ੀ ਅਲੱਾਹੁ ਅਨਹੁ ਦਾ ਵਿਚਾਰ ਸੀ ਕਿ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹੁ ਅਨਹੁ ਨੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਪੁਛੱਕੇ ਟੈਕਸ ਆਦਿ ਇਸਾਈ ਸ਼ਹਿਰ ਵਾਸੀਆਂ ਨੂੰ ਵਾਪਸ ਕੀਤਾ ਸੀ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਹਜ਼ਰਤ ਅਕਰਮਾ ਰਜ਼ੀ ਅਲੱਾਹੁ ਅਨਹੁ ਅਤੇ ਉਹਨਾਂ ਦੇ ਬਾਰ੍ਹਾਂ ਸਾਥੀਆਂ ਦੀ ਕੁਰਬਾਨੀ ਦੀ ਘਟਨਾ ਵਰਨਣ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਜੱਦ ਜੰਗ ਦੇ ਬਾਦ ਪਾਣੀ ਪਿਆਉਣ ਵਾਲਾ ਵਿਅਕਤੀ ਉਹਨਾ ਕੋਲ ਪਹੁੰਚਿਆ ਤਾਂ ਹਜ਼ਰਤ ਅਕਰਮਾ ਨੇ ਅਗਲੇ ਜ਼ਖ਼ਮੀ ਵੱਲ ਸੰਕੇਤ ਕੀਤਾ ਅਤੇ ਕਿਹਾ ਪਹਿਲਾਂ ਉਹਨਾਂ ਨੂੰ ਪਾਣੀ ਪਿਆਓ, ਉਹ ਮੇਰੇ ਤੋਂ ਵੱਧ ਹਕੱਦਾਰ ਹਨ, ਪਹਿਲਾਂ ਉਸਨੂੰ ਪਾਣੀ ਪਿਆਓ । ਇਸ ਪਅਕਾਰ ਉਹ ਜਿਹੜੇ ਸਿਪਾਹੀ ਕੋਲ ਜਾਂਦਾ ਉਹ ਉਸਨੂੰ ਦੂਜੇ ਵੱਲ ਗੇਜ ਦਿੰਦਾ ਅਤੇ ਕੋਈ ਪਾਣ ਨਹੀਂ ਪੀਂਦਾ । ਜੱਦ ਉਹ ਅਖ਼ੀਰਲੇ ਜ਼ਖ਼ਮੀ ਕੋਲ ਪਹੁੰਚਿਆ ਤਾਂ ਉਹ ਫ਼ੌਤ ਹੋ ਚੁਕੱਾ ਸੀ । ਜੱਦ ਅਕਰਮਾ ਵੱਲ ਪਰਤਿਆ ਤਾਂ ਉਹ ਵੀ ਦੱਮ ਤੋੜ ਚੁੱਕੇ ਸਨ । ਇਸੇ ਪ੍ਰਕਾਰ ਹੋਰਨਾ ਜ਼ਖ਼ਮੀਆਂ ਦਾ ਹਾਲ ਹੋਇਆ ਜਿੰਨ੍ਹਾ ਕੋਲ ਉਹ ਗਿਆ ਉਹ ਦਮ ਤੋੜ ਚੁਕੱਾ ਹੁੰਦਾ ਸੀ ।

ਹਜ਼ੂਰ ਅਨਵਰ ਨੇ ਖ਼ੁਤਬੇ ਦੇ ਅਖੀਰ ਵਿੱਚ ਫ਼ਰਮਾਇਆ ਕਿ ਇਹ ਜ਼ਿਕਰ ਹੁਣੇ ਚੱਲ ਰਿਹਾ ਹੈ ਅਤੇ ਇਨਸ਼ਾਅਲੱਾਹ ਭਵਿੱਖ ਵਿੱਚ ਵੀ ਵਰਨਣ ਹੋਵੇਗਾ ।

اَلْحَمْدُلِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّاٰتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ. عِبَادَ اللّٰہِ رحمکم اللّٰہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 17.09.2021**

Delivered By : Hadhrat Khalifatul Masih Vth (atba)

Summarized by : Majlis Ansarullah Bharat

Tarnslated by : Shamshad Ahmad Eden, from Punjabi Desk

From : Nazarat Nashr-o-Isha'at Qadian-143516, Distt. Gurdaspur, Punjab (INDIA)